# ਵਿਦੇਸ਼ ਮੰਤਰਾਲੇ ਵਿੱਚ ਸਵੱਛਤਾ ਪਖਵਾੜਾ 2024

ਫਰਵਰੀ 09, 2024

ਕੇਂਦਰੀ ਸਰਕਾਰ ਦੇ ਮੰਤਰਾਲਿਆਂ/ਵਿਭਾਗਾਂ ਦੇ ਕਾਰਜਕ੍ਰਮ ਦੇ ਅਨੁਸਾਰ, ਵਿਦੇਸ਼ ਮੰਤਰਾਲੇ ਨੇ 16 ਤੋਂ 31 ਜਨਵਰੀ, 2024 ਤੱਕ 425 ਤੋਂ ਵੱਧ ਸਥਾਨਾਂ 'ਤੇ ਸਵੱਛਤਾ ਪਖਵਾੜਾ ਮਨਾਇਆ ਜਿਸ ਵਿੱਚ ਖੇਤਰੀ ਪਾਸਪੋਰਟ ਦਫਤਰ (ਆਰ.ਪੀ.ਓ.), ਪ੍ਰਵਾਸੀਆਂ ਦੇ ਰੱਖਿਅਕ (ਪੀਓਈ)/ਭਾਰਤੀ ਮਿਸ਼ਨ/ ਵਿਦੇਸ਼ਾਂ ਵਿੱਚ ਪੋਸਟਾਂ, ਭਾਰਤ ਵਿੱਚ ਸ਼ਾਖਾ ਸਕੱਤਰੇਤ ਅਤੇ ਅਧੀਨ ਦਫ਼ਤਰ ਸ਼ਾਮਲ ਹਨ।

2. ਪਖਵਾੜੇ ਦੌਰਾਨ ਦਫਤਰਾਂ ਵਿੱਚ ਮੌਜੂਦਾ ਸਫਾਈ ਸਤਰ ਨੂੰ ਬਿਹਤਰ ਕਰਨ, ਸਕਰੈਪ/ਰਹਿੰਦ-ਖੂੰਹਦ ਦਾ ਨਿਪਟਾਰਾ ਕਰਨ ਅਤੇ ਇਸ ਸੰਦੇਸ਼ ਨੂੰ ਵਧਾਵਾ ਦੇਣ ਵਾਸਤੇ ਸੋਸ਼ਲ ਮੀਡੀਆ ਦਾ ਇਸਤੇਮਾਲ ਕਰਨ ਤੇ ਖਾਸ ਜੋਰ ਦਿੱਤਾ ਗਿਆ। ਮੰਤਰਾਲੇ ਦੇ ਸਾਰੇ ਖਾਸ ਸਥਾਨਾਂ ਤੇ ਅਤੇ ਇਸ ਦੇ ਦਫਤਰਾਂ/ਅਧੀਨ ਦਫਤਰਾਂ ਵਿੱਚ ਅਤੇ ਭਾਰਤੀ ਮਿਸ਼ਨ/ ਵਿਦੇਸ਼ਾਂ ਵਿੱਚ ਪੋਸਟਾਂ 'ਤੇ ਸਵੱਛਤਾ ਬੈਨਰਾ ਦਾ ਪ੍ਰਦਰਸ਼ਨ ਕੀਤਾ ਗਿਆ। ਅਧਿਕਾਰੀਆਂ ਦੁਆਰਾ ਉਹਨਾਂ ਦੇ ਦਫਤਰ ਅਤੇ ਆਲੇ ਦੁਆਲੇ ਨੂੰ ਸਾਫ ਰੱਖਣ ਲਈ ਸ਼੍ਰਮਦਾਨ ਦਿੱਤਾ ਗਿਆ। ਪਖਾਨੇ, ਬਾਥਰੂਮ, ਪੌੜੀਆਂ ਅਤੇ ਗਲਿਆਰਿਆਂ ਨੂੰ ਸਾਫ਼ ਕਰਨ ਦੇ ਨਾਲ-ਨਾਲ ਕਾਗਜ਼ੀ ਰਹਿੰਦ-ਖੂੰਹਦ, ਪਲਾਸਟਿਕ ਵੇਸਟ ਅਤੇ ਈ-ਵੇਸਟ ਬੈਨਰਾਂ ਨੂੰ ਵੱਖ ਕਰਨ ਅਤੇ ਸੁਰੱਖਿਅਤ ਨਿਪਟਾਰੇ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ। ਸਾਊਥ ਬਲਾਕ, ਜਵਾਹਰ ਲਾਲ ਨਹਿਰੂ ਭਵਨ ਅਤੇ ਸੁਸ਼ਮਾ ਸਵਰਾਜ ਭਵਨ ਵਿਖੇ ਟੀਮਾਂ ਵੱਲੋਂ ਪਖਾਨਿਆਂ ਤੱਕ ਦਿਵਯਾਂਗ ਲੋਕਾਂ ਦੀ ਪਹੁੰਚ ਦੀ ਸਮੀਖਿਆ ਕੀਤੀ ਗਈ।

3.  ਸਵੱਛਤਾ ਪਖਵਾੜੇ ਦੇ ਦੌਰਾਨ ਵਿਦੇਸ਼ ਵਿੱਚ ਭਾਰਤੀ ਮਿਸ਼ਨ ਅਤੇ ਆਰ.ਪੀ.ਓ./ਭਾਰਤ ਵਿੱਚ ਪੀ.ਓ.ਈ. ਨੇ ਸਫਾਈ ਗਤੀਵਿਧੀਆਂ ਕਰਨ ਲਈ ਸਰਗਰਮੀ ਨਾਲ ਹਿੱਸਾ ਲਿਆ। ਭਾਰਤੀ ਮਿਸ਼ਨ ਨੇ ਸਵੱਛਤਾ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਸਤੇ ਸਥਾਨਕ ਭਾਰਤੀ ਡਾਇਸਪੋਰਾ ਨੂੰ ਸ਼ਾਮਲ ਕੀਤਾ। ਵਿਦੇਸ਼ ਮੰਤਰਾਲੇ ਦੁਆਰਾ ਇਸ ਦੇ ਭਾਰਤੀ ਦਫਤਰਾਂ ਅਤੇ ਜਿਹੜੇ ਵਿਦੇਸ਼ ਵਿੱਚ ਸਥਿਤ ਹਨ ਉਹਨਾਂ ਦਫਤਰਾਂ ਵਿੱਖੇ ਕੀਤੀਆਂ ਗਈਆਂ ਸਵੱਛਤਾ ਗਤੀਵਿਧੀਆ ਵਿੱਚ (i) ਖੂਨ ਦਾਨ ਕੈਂਪ (ii) ਨੁਕੜ ਨਾਟਕ, (iii) ਪਲੋਗਿੰਗ/ ਸਵੱਛਤਾ ਸੈਰ, (iv) ਹਸਤਾਖਰ ਮੁਹਿੰਮ, (v) ਚਿੱਤਰਕਾਰੀ ਪ੍ਰਤਿਯੋਗਿਤਾ, (vi) ਬੁੱਟੇ ਲਾਉਣੇ ਅਤੇ (vii) ਕਵਿਤਾ ਪ੍ਰਤਿਯੋਗਿਤਾ ਸ਼ਾਮਲ ਸਨ।

4. ਸਵਛਤਾ ਪਖਵਾੜਾ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਕੀਤੀਆਂ ਗਈਆਂ ਗਤੀਵਿਧੀਆਂ ਆਕਾਰ ਅਤੇ ਪੈਮਾਨੇ ਵਿੱਚ ਵਿਆਪਕ ਸਨ ਅਤੇ ਇਹ ਭਾਰਤ ਅਤੇ ਵਿਦੇਸ਼ਾਂ ਵਿੱਚ ਵਿਆਪਕ ਭਾਗੀਦਾਰੀ ਦੀਆਂ ਗਵਾਹ ਬਣੀਆ।

**ਨਵੀਂ ਦਿੱਲੀ**
**ਫਰਵਰੀ 09, 2024**